# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 18 ਅਗਸਤ :- ਪ੍ਰਸ਼ਾਸਨ ਨੇ ਸੁਖਨਾ ਝੀਲ ਨੂੰ ਵਾਤਾਵਰਨ ਸੁਖਾਵੀਂ ਬਣਾਏ ਰੱਖਣ ਲਈ ਝੀਲ ਵਿਚ ਧਾਰਮਿਕ ਰੀਤਾਂ ਰਿਵਾਜਾਂ ਨੂੰ ਨਿਭਾਉਣ ਤੇ ਪ੍ਰਤੀਬੰਧ ਲਗਾਇਆ ਹੈ। ਪ੍ਰਸ਼ਾਸਨ ਨੇ 19 ਜਨਵਰੀ 2005 ਨੂੰ ਸੁਖਨਾ ਝੀਲ ਨੂੰ 'ਸ਼ਾਂਤ ਖੇਤਰ' ਐਲਾਨ ਕੀਤਾ ਸੀ। ਆਦੇਸ਼ ਜਿਲ੍ਹਾ ਮੈਜੀਸਟ੍ਰੇਟ ਸ਼੍ਰੀ ਬਰਜਿੰਦਰ ਸਿੰਘ ਦੁਆਰਾ ਅਪਰਾਧਿਕ ਦੰਡ ਸੰਹਿਤਾ ਦੀ ਧਾਰਾ 144 ਦੇ ਅਧੀਨ ਅੱਜ਼ ਜਾਰੀ ਕੀਤਾ ਗਿਆ ਹੈ।

ਰੋਕ ਦੇ ਦਾਇਰੇ ਵਿਚ ਸਰ੍ਹੋਂ ਦੇ ਤੇਲ ਵਿਚ ਜਲਦੇ ਮਿੱਟੀ ਦੇ ਦੀਵਿਆਂ ਦਾ ਵਹਿਣ ਅਤੇ ਪਟਾਕੇ ਵਜਾਉਣਾ ਸ਼ਾਮਿਲ ਹੈ। ਇਸ ਤਰ੍ਹਾਂ ਦੇ ਰੀਤੀ ਰਿਵਾਜ਼ਾਂ ਨੂੰ ਨਿਭਾਉਣ ਨਾਲ ਆਵਾਜ਼ ਅਤੇ ਜਲ ਪ੍ਰਦੂਸ਼ਣ ਤਾਂ ਹੁੰਦਾ ਹੀ ਹੈ ਅਤੇ ਨਾਲ ਹੀ ਝੀਲ ਦੇ 'ਸ਼ਾਂਤ ਖੇਤਰ' ਵਿਚ ਵਾਤਾਵਰਨ ਸੰਤੁਲਨ ਵੀ ਪ੍ਰਭਾਵਿਤ ਹੁੰਦਾ ਹੈ। ਇਹ ਆਦੇਸ਼ 20 ਅਗਸਤ,2010 ਤੋਂ 18 ਅਕਤੂਬਰ, 2010 ਤੱਕ ਲਾਗੂ ਰਹਿਣਗੇ।